# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਐਸ.ਏ.ਐਸ ਨਗਰ (ਮੋਹਾਲੀ)
ਫੋਨ ਨੰ :0172-5212307,2210019
E-mail-id-mdmpunjab@punjabeducation.gov.in

---

ਵੱਲ

ਸਮੂਹ ਸਕੂਲ ਮੁੱਖੀ (ਵੈਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ. ਐਮ.ਡੀ.ਐਮ/2024/ 62648
ਮਿਤੀ 06/03/24

**ਵਿਸ਼ਾ: ਸਕੂਲਾਂ ਵੱਲੋਂ ਰੋਜ਼ਾਨਾ epunjab portal ਤੇ ਮਿਡ ਡੇ ਮੀਲ ਦਾ ਐਸ.ਐਮ.ਐਸ ਨਾ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋ ਰਹੀ ਰਿਪੋਰਟ ਅਨੁਸਾਰ ਇਹ ਪਾਇਆ ਜਾ ਰਿਹਾ ਹੈ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਈ.ਪੰਜਾਬ ਐਪ ਤੇ ਮਿਡ ਡੇ ਮੀਲ ਦਾ ਡਾਟਾ 4.00 ਵਜੇ ਤੱਕ ਅਪਡੇਟ ਨਹੀਂ ਕੀਤਾ ਜਾਂਦਾ, ਜਿਸਦੇ ਨਤੀਜੇ ਵੱਜੋਂ ਪੰਜਾਬ ਰਾਜ ਦੀ ਪ੍ਰਤੀਸ਼ਸਤਾ ਵਿਚ ਵੱਡੇ ਪੱਧਰ ਤੇ ਕਮੀ ਆ ਰਹੀ ਹੈ।

ਉਕਤ ਦੇ ਸਨਮੁੱਖ ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ ਜੀ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਆਪ ਸਭ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਰੋਜ਼ਾਨਾ ਈ.ਪੰਜਾਬ ਐਪ ਤੇ ਮਿਡ ਡੇ ਮੀਲ ਦਾ ਡਾਟਾ 4:00 ਵਜੇ ਤੱਕ ਹਰ ਹਾਲਤ ਵਿਚ ਭਰਿਆ ਜਾਣਾ ਯਕੀਨੀ ਬਣਾਇਆ ਜਾਵੇ।

ਉਕਤ ਸਬੰਧੀ ਜੇਕਰ ਕਿਸੇ ਵੀ ਸਕੂਲ ਵੱਲੋਂ ਜਾਰੀ ਹੋਈਆਂ ਹਦਾਇਤਾਂ ਦੀ ਉਲੰਘਣਾਂ ਕੀਤੀ ਪਾਈ ਜਾਂਦੀ ਹੈ, ਤਾਂ ਸਬੰਧਤ ਖਿਲਾਫ ਵਿਭਾਗੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਸਨੂੰ ਅਤਿ ਜਰੂਰੀ ਸਮਝਿਆ ਜਾਵੇ।

**ਜਨਰਲ ਮੈਨੇਜਰ**

ਪਿੱ.ਅੰ.ਨੰ..ਐਮ.ਡੀ.ਐਮ.ਐਸ./ਜੀ.ਐਮ./2024/ 62649
ਉਪਰੋਕਤ ਦਾ ਉਤਾਰਾ:

ਮਿਤੀ 06/03/2024

1. ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਉੱਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ ਨੂੰ ਬਤੌਰ ਮਿਡ ਡੇ ਮੀਲ ਨੋਡਲ ਅਫਸਰ ਹਰੇਕ ਸਕੂਲ ਦੀ ਰਿਪੋਰਟ 4:00 ਵਜੇ ਤੱਕ ਚੈਕ ਕਰਨ ਅਤੇ ਯੋਗ ਕਾਰਵਾਈ ਹਿੱਤ ਕੀਤਾ ਜਾਂਦਾ ਹੈ।

**ਜਨਰਲ ਮੈਨੇਜਰ**